بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.06.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਕਰਤਬਾ ਰਖੱਣ ਵਾਲੇ ਬਦਰ ਦੇ ਸਹਾਬਾ ਹਜ਼ਰਤ ਸੁਹੈਬ ਬਿਨ ਸਨਾਨ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਸਅਦ ਬਿਨ ਰਬੀਅ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 5 ਜੂਨ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਮੈਂ ਫਿਰ ਬਦਰ ਦੇ ਸਹਾਬਾ ਦਾ ਜ਼ਿਕਰ ਕਰਾਂਗਾ । ਇਹਨਾ ਵਿੱਚੋਂ ਜਿੰਨ੍ਹਾ ਦਾ ਜ਼ਿਕਰ ਹੈ ਉਹਨਾ ਦਾ ਨਾਂ ਹਜ਼ਰਤ ਸੁਹੈਬ ਬਿਨ ਸਨਾਨ ਰਜ਼ੀ ਅਲੱਾਹ ਅਨਹੁ ਹੈ ਹਜ਼ਰਤ ਸੁਹੈਬ ਦੇ ਪਿਤਾ ਦਾ ਨਾਂ ਸਨਾਨ ਬਿਨ ਮਾਲਕ ਸੀ ਅਤੇ ਮਾਤਾ ਦਾ ਨਾਂ ਸਲਮਾ ਬਿੰਤ ਕਈਦ ਸੀ । ਹਜ਼ਰਤ ਸੁਹੈਬ ਦਾ ਵਤਨ ਮੌਸੂਲ ਸੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਇਹਨਾ ਬਾਰੇ ਬਿਆਨ ਕਰਦੇ ਹਨ ਕਿ ਇਕ ਗ਼ੁਲਾਮ ਸੁਹੈਬ ਸਨ ਜੋ ਰੋਮ ਤੋਂ ਫੜੇ ਹੋਏ ਆਏ ਸਨ । ਇਹ ਅਬਦੁਲੱਾਹ ਬਿਨ ਜਦਆਨ ਦੇ ਗ਼ੁਲਾਮ ਸਨ ਜਿੰਨ੍ਹਾ ਨੇ ਇਹਨਾ ਨੂੰ ਅਜ਼ਾਦ ਕਰ ਦਿਤੱਾ ਸੀ । ਇਹ ਵੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਉਪੱਰ ਇਮਾਨ ਲੈ ਆਏ ਸਨ ਅਤੇ ਆਪ ਲਈ ਇਹਨਾ ਨੇ ਅਨੇਕਾਂ ਪ੍ਰਕਾਰ ਦੇ ਕਸ਼ਟ ਝੱਲੇ ।

ਹਜ਼ਰਤ ਅਮਾਰ ਅਤੇ ਹਜ਼ਰਤ ਸੁਹੈਬ ਨੇ ਤੀਹ ਤੋਂ ਵੱਧ ਲੋਕਾਂ ਬਾਦ ਇਸਲਾਮ ਕੁਬੂਲ ਕੀਤਾ ਸੀ । ਹਜ਼ਰਤ ਅਨਸ ਨੇ ਬਿਆਨ ਕੀਤਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਇਸਲਾਮ ਲਿਆਉਣ ਵਿੱਚ ਪਹਿਲ ਰਖੱਣ ਵਾਲੇ ਚਾਰ ਹਨ । ਆਪ ਨੇ ਫ਼ਰਮਾਇਆ ਕਿ ਮੈਂ ਅਰਬ ਵਿੱਚ ਪਹਿਲ ਰਖੱਣ ਵਾਲਾ ਹਾਂ । ਸੁਹੈਬ ਰੋਮ ਵਿੱਚ ਪਹਿਲ ਰਖੱਣ ਵਾਲੇ ਹਨ ਅਤੇ ਸਲਮਾਨ ਫ਼ਾਰਸ ਵਾਸੀਆਂ ਵਿੱਚ ਪਹਿਲ ਰਖੱਣ ਵਾਲੇ ਹਨ ਅਤੇ ਬਿਲਾਲ ਹੁਬਸ਼ੀਆਂ ਵਿੱਚ ਪਹਿਲ ਰਖੱਣ ਵਾਲੇ ਹਨ ।

ਹਜ਼ਰਤ ਮੁਸਲਿਹ ਮੌਊਦ ਰਜੀ ਅਲੱਾਹ ਅਨਹੁ, ਹਜ਼ਰਤ ਸੁਹੈਬ ਰਜ਼ੀ ਅਲੱਹ ਅਨਹੁ ਦੀ ਮਦੀਨਿ ਹਿਜਰਤ ਦੀ ਘਟਨਾ ਵਰਨਣ ਕਰਦੇ ਹਨ ਕਿ ਜੱਦ ਸੁਹੈਬ ਹਿਜਰਤ ਲਈ ਰਵਾਨਾ ਹੋਏ ਤਾਂ ਮੱਕੇ ਦੇ ਲੋਕਾਂ ਨੇ ਇਹਨਾ ਨੂੰ ਰੋਕਿਆ, ਇਸ'ਤੇ ਆਪ ਨੇ ਆਪਣੀ ਸਾਰੀ ਦੌਲਤ ਉਹਨਾ ਦੇ ਸੁਪੁਰਦ ਕਰ ਦਿੱਤੀ ਅਤੇ ਖਾਲੀ ਹੱਥ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋ ਗਏ । ਆਪ ਨੇ ਫ਼ਰਮਾਇਆ ਸੁਹੈਬ ਤੁਹਾਡਾ ਇਹ ਸੌਦਾ ਪਹਿਲੇ ਸਾਰਿਆਂ ਸੌਦਿਆਂ ਤੋਂ ਚੰਗਾ ਰਿਹਾ ਅਰਥਾਤ ਪਹਿਲਾਂ ਤੁਸੀਂ ਕੰਮ ਦੇ ਬਦਲੇ ਪੈਸੇ ਹਾਸਲ ਕਰਦੇ ਸੀ ਪਰ ਹੁਣ ਪੈਸਿਆਂ ਦੇ ਮੁਕਾਬਲੇ ਤੁਸੀਂ ਇਮਾਨ ਹਾਸਲ ਕੀਤਾ ਹੈ ।

ਹਜ਼ਰਤ ਸੁਹੈਬ ਬਿਆਨ ਕਰਦੇ ਹਨ ਕਿ ਜਿਸ ਮਾਰਕੇ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਸ਼ਾਮਲ ਹੋਏ ਉਸ ਵਿੱਚ ਮੈਂ ਵੀ ਮੌਜੂਦ ਸੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਜੋ ਵੀ ਬੈਅਤ ਲਈ ਮੈਂ ਉਸ ਵਿੱਚ ਹਾਜ਼ਰ ਸੀ। ਆਪ ਨੇ ਜੋ ਵੀ ਜਥੱਾ ਰਵਾਨਾ ਕੀਤਾ ਮੈਂ ਉਸ ਵਿੱਚ ਸ਼ਾਮਲ ਸੀ ਅਤੇ ਆਪ ਜਿਸ ਜੰਗ ਲਈ ਵੀ ਰਵਾਨ ਹੋਏ ਮੈਂ ਉਸ ਵਿੱਚ ਸ਼ਾਮਲ ਸੀ । ਮੈਂ ਕਦੇ ਵੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਦੁਸ਼ਮਣਾ ਦੇ ਅਤੇ ਆਪਣੇ ਵਿਚਕਾਰ ਨਹੀਂ ਹੋਣ ਦਿਤੱਾ, ਇੱਥੋਂ ਤੱਕ ਕਿ ਆਪਦਾ ਦੇਹਾਂਤ ਹੋ ਗਿਆ । ਹਜ਼ਰਤ ਸੁਹੈਬ ਬੁਢੇਪੇ ਵਿੱਚ ਲੋਕਾਂ ਨੂੰ ਇਕਤੱਰ ਕਰਕੇ ਅਤਿਅੰਤ ਆਨੰਦਮਈ ਢੰਗ ਨਾਲ ਆਪਣੇ ਜੰਗੀ ਕਾਰਨਾਮਿਆਂ ਦੀਆਂ ਮਨਮੋਹਕ ਘਟਨਾਵਾਂ ਸੁਣਾਇਆ ਕਰਦੇ ਸਨ ।

ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਹਜ਼ਰਤ ਸੁਹੈਬ ਰਜ਼ੀ ਅਲੱਹ ਅਨਹੁ ਨਾਲ ਬਹੁਤ ਪ੍ਰੇਮ ਕਰਦੇ ਸਨ ਅਤੇ ਉਹਨਾ ਬਾਰੇ ਚੰਗਾ ਉਤੱਮ ਗੁਮਾਨ ਰਖੱਦੇ ਸਨ ਇੱਥੇ ਤੱਕ ਕਿ ਜੱਦ ਹਜ਼ਰਤ ਉਮਰ ਜ਼ਖ਼ਮੀ ਹੋਏ ਤਾਂ ਆਪ ਨੇ ਵਸੀਯੱਤ ਕੀਤੀ ਕਿ ਮੇਰੀ ਨਮਾਜ਼ ਜਨਾਜ਼ਾਹ ਸੁਹੈਬ ਪੜ੍ਹਾਉਣਗੇ ਅਤੇ ਤਿੰਨ ਦਿਨ ਤੱਕ ਮੁਸਲਮਾਨਾ ਦੀ ਇਮਾਮਤ ਕਰਾਉਣਗੇ, ਇੱਥੋਂ ਤੱਕ ਕਿ ਸ਼ੂਰਾ ਵਾਲੇ ਇਸ ਗੱਲ'ਤੇ ਸਹਿਮਤ ਹੋ ਜਾਣ ਜਿਸ ਨੇ ਖ਼ਲੀਫ਼ਾ ਬਨਣਾ ਹੈ ।

ਹਜ਼ਰਤ ਸੁਹੈਬ ਦਾ ਦੇਹਾਂਤ ਸ਼ਵਾਲ ਮਹੀਨਿ ਵਿੱਚ 38 ਹਿਜਰੀ ਵਿੱਚ ਹੋਇਆ, ਕਈਆਂ ਅਨੁਸਾਰ 39 ਹਿਜਰੀ ਵਿੱਚ ਦੇਹਾਂਤ ਹੋਇਆ । ਦੇਹਾਂਤ ਸਮੇਂ ਹਜ਼ਰਤ ਸੁਹੈਬ ਦੀ ਉਮਰ ਤਿਹਤੱਰ ਵਰ੍ਹੇ ਸੀ ਕਈਆਂ ਰਿਵਾਇਤਾਂ ਅਨੁਸਾਰ ਸਤੱਰ ਵਰ੍ਹੇ ਸੀ । ਆਪ ਮਦੀਨਿ ਵਿੱਚ ਦਫ਼ਨ ਹੋਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਗਲੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹ ਹਜ਼ਰਤ ਸਅਦ ਬਿਨ ਰਬੀਅ ਹਨ । ਆਪ ਦੇ ਪਿਤਾ ਦਾ ਨਾਂ ਰਬੀਅ ਬਿਨ ਉਮਰੋ ਅਤੇ ਮਾਤਾ ਦਾ ਨਾਂ ਹਜ਼ੀਲਾ ਬਿੰਤ ਅੰਬਹ ਸੀ । ਹਜ਼ਰਤ ਸਅਦ ਜਹਾਲਤ ਦੇ ਜ਼ਮਾਨੇ ਵਿੱਚ ਵੀ ਲਿਖੱਣਾ ਪੜ੍ਹਨਾ ਜਾਣਦੇ ਸਨ । ਆਪ ਕਬੀਲਾ ਬਨੂ ਹਾਰਸ ਦੇ ਮਿਤੱਰ ਸਨ ਅਤੇ ਬੈਅਤ ਅਕਬਾ ਊਲਾ ਤੇ ਅਕਬਾ ਸਾਨੀਆ (ਅਕਬਾ ਦੀ ਪਹਿਲੀ ਤੇ ਦੂਜੀ ਬੈਅਤ) ਵਿੱਚ ਸ਼ਾਮਲ ਸਨ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਫ਼ਰਮਾਉਂਦੇ ਹਨ ਕਿ ਉਹਦ ਦੀ ਜੰਗ ਦੀ ਇਕ ਘਟਨਾ ਹੈ । ਜੰਗ ਦੇ ਬਾਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੀ ਬਿਨ ਕਅਬ ਨੂੰ ਫ਼ਰਮਾਇਆ ਕਿ ਜਾਓ ਜ਼ਖ਼ਮੀਆਂ ਨੂੰ ਦੇਖੋ । ਉਹ ਦੇਖਦਿਆਂ ਹੋਇਆਂ ਹਜ਼ਰਤ ਸਅਦ ਬਿਨ ਰਬੀਅ ਕੋਲ ਪਹੁੰਚੇ ਜੋ ਬਹੁਤ ਜ਼ਖਮੀ ਸਨ । ਅੰਤਮ ਸਾਹ ਲੈ ਰਹੇ ਸਨ, ਉਹਨਾ ਨੇ ਇਹਨਾ ਨੂੰ ਕਿਹਾ ਕਿ ਆਪਣੇ ਸੰਬੰਧੀਆਂ ਤੇ ਪ੍ਰੇਮੀਆਂ ਨੂੰ ਕੋਈ ਸੰਦੇਸ਼ ਦੇਣਾ ਹੋਵੇ ਤਾਂ ਮੈਂਨੂੰ ਦੇ ਦਿਓ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਇਸ ਘਟਨਾ ਨੂੰ ਬਿਆਨ ਕਰਦਿਆਂ ਹੋਇਆਂ ਕਿ ਦੇਖੋ ਅਜਿਹੇ ਸਮੇਂ ਜੱਦ ਮਨੁੱਖ ਸਮਝਦਾ ਹੈ ਕਿ ਮੈਂ ਮਰ ਰਿਹਾ ਹਾਂ, ਕੀ ਕੀ ਵਿਚਾਰ ਉਸ ਦੇ ਦਿਲ ਵਿੱਚ ਆਉਂਦੇ ਹਨ । ਉਹ ਸੋਚਦਾ ਹੈ ਕਿ ਮੇਰੀ ਪਤਨੀ ਦਾ ਕੀ ਹਾਲ ਹੋਵੇਗਾ ਮੇਰੇ ਬੱਚਿਆਂ ਨੂੰ ਕੌਣ ਪੁੱਛੇਗਾ ? ਪਰ ਇਸ ਸਹਾਬੀ ਨੇ ਕੋਈ ਸੰਦੇਸ਼ ਨਹੀਂ ਦਿਤੱਾ ਕੇਵਲ ਇਹੋ ਕਿਹਾ ਕਿ ਅਸੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੁਰੱਖਿਆ ਕਰਦਿਆਂ ਹੋਇਆਂ ਇਸ ਸੰਸਾਰ'ਚੋਂ ਜਾਂਦੇ ਹਾਂ ਤੁਸੀਂ ਵੀ ਇਸੇ ਮਾਰਗ ਵਿੱਚ ਸਾਡੇ ਪਿੱਛੇ ਆ ਜਾਓ । ਸਭ ਤੋਂ ਵਡੱਾ ਕੰਮ ਇਹੋ ਹੈ ਕਿ

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੁਰੱਖਿਆ ਕਰਨੀ ਹੈ । ਲਿਖੱਦੇ ਹਨ ਕਿ ਇਹਨਾ ਲੋਕਾਂ ਵਿੱਚ ਇਹੋ ਇਮਾਨੀ ਸ਼ਕਤੀ ਸੀ ਜਿਸ ਨਾਲ ਉਹਨਾ ਨੇ ਦੁਨੀਆ ਨੂੰ ਹੇਠਾਂ ਉਪੱਰ ਕਰ ਦਿਤੱਾ ਅਤੇ ਕੈਸਰ ਤੇ ਕਿਸਰਾ ਦੇ ਤਖ਼ਤੇ ਪਲਟ ਦਿੱਤੇ ।

ਹਜ਼ਰਤ ਸਅਦ ਬਿਨ ਰਬੀਅ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਦੀ ਸ਼ਹਾਦਤ ਉਹਦ ਦੀ ਜੰਗ ਵਿੱਚ ਹੋਈ । ਇਸ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਰੱਬ ਇਸ'ਤੇ ਰਹਿਮ ਕਰੇ ਉਹ ਜੀਵਨ ਵਿੱਚ ਵੀ ਅਤੇ ਮੌਤ ਦੇ ਬਾਦ ਵੀ ਰੱਬ ਅਤੇ ਉਸ ਦੇ ਰਸੂਲ ਦਾ ਸ਼ੁਭਚਿੰਤਕ ਰਿਹਾ । ਹਜ਼ਰਤ ਸਅਦ ਬਿਨ ਰਬੀਅ ਅਤੇ ਹਜ਼ਰਤ ਖ਼ਾਰਜਾ ਬਿਨ ਜ਼ੈਦ ਨੂੰ ਇਕ ਹੀ ਕਬਰ ਵਿੱਚ ਦਫ਼ਨ ਕੀਤਾ ਗਿਆ ।

ਹਜ਼ਰਤ ਜਾਬਰ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਹਜ਼ਰਤ ਸਅਦ ਬਿਨ ਰਬੀਅ ਦੀ ਸ਼ਹੀਦੀ ਦੇ ਬਾਦ ਇਹਨਾ ਦੀ ਪਤਨੀ ਆਪਣੀਆਂ ਦੋਵੇਂ ਬੇਟੀਆਂ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਕੋਲ ਆਈ ਅਤੇ ਅਰਜ਼ ਕੀਤੀ ਕਿ ਇਹਨਾ ਦੇ ਚਾਚੇ ਨੇ ਇਹਨਾ ਦੋਹਾਂ ਦਾ ਮਾਲ ਲੈ ਲਿਆ ਹੈ ਅਤੇ ਇਹਨਾ ਨੂੰ ਕੁਝ ਨਹੀਂ ਮਿਲਿਆ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਰੱਬ ਇਸ ਬਾਰੇ ਫ਼ੈਸਲਾ ਫ਼ਰਮਾਏਗਾ । ਇਸ'ਤੇ ਵਰਾਰਸਤ ਦੇ ਨੀਯਮਾ'ਤੇ ਅਧਾਰਰਤ ਆਇਤ ਨਾਜ਼ਲ ਹੋਈ । ਫ਼ਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਦੋਹਾਂ ਦੇ ਚਾਚਾ ਨੂੰ ਬੁਲਵਾਇਆ ਅਤੇ ਫ਼ਰਮਾਇਆ ਦੇ ਸਅਦ ਦੀ ਬੇਟੀਆਂ ਨੂੰ ਸਅਦ ਦੇ ਮਾਲ ਦਾ ਤੀਜਾ ਹਿਸੱਾ ਦਿਓ ਅਤੇ ਉਹਨਾ ਦੀ ਮਾਂ ਨੂੰ ਅਠੱਵਾਂ ਹਿਸੱਾ ਦਿਓ ਅਤੇ ਜੋ ਬੱਚ ਜਾਏ ਉਹ ਤੁਹਾਡਾ ਹੈ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਇਸ ਘਟਨਾ ਬਾਰੇ ਲਿਖੱਦੇ ਹਨ ਕਿ ਦੁਨੀਆ ਦੇ ਇਤਿਹਾਸ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਤੋਂ ਪਹਿਲਾਂ ਜਾਂ ਆਪ ਦੇ ਬਾਦ ਕੋਈ ਅਜਿਹਾ ਵਿਅਕਤੀ ਨਹੀਂ ਲੰਘਿਆ ਜਿਸਨੇ ਇਸਤਰੀਆਂ ਦੇ ਅਧਿਕਾਰਾਂ ਦੀ ਅਜਿਹੀ ਸੁਰੱਖਿਆ ਕੀਤੀ ਹੋਵੇ ਜਿਵੇਂ ਆਪ ਨੇ ਕੀਤੀ ਹੈ । ਸੋ, ਵਿਰਸੇ ਵਿੱਚ, ਵਿਆਹ ਸ਼ਦੀਆਂ ਵਿੱਚ, ਪਤੀ ਪਤਨੀ ਦੇ ਸੰਬੰਧਾ ਵਿੱਚ, ਤਲਾਕ ਖ਼ੁਲਾਅ ਵਿੱਚ, ਆਪਣੀ ਵਿਅਕਤੀਗੱਤ ਜਾਇਦਾਦ ਬਨਾਉਣ ਦੇ ਅਧਿਕਾਰ ਵਿੱਚ, ਆਪਣੀ ਵਿਅਕਤੀਗੱਤ ਜਾਇਦਾਦ ਦੀ ਵਰਤੋਂ ਕਰਨ ਦੇ ਹੱਕ ਵਿੱਚ, ਸਿੱਖਿਆ ਦੇ ਅਧਿਕਾਰਾਂ ਵਿੱਚ, ਬੱਚਿਆਂ ਦੇ ਭਵਿੱਖ ਤੇ ਸੀਖ ਸਿੱਖਿਆ ਦੇ ਹਕੱਾਂ ਵਿੱਚ, ਕੌਮੀ ਤੇ ਦੇਸ਼ ਦੇ ਮਾਮਲਿਆਂ ਵਿੱਚ ਭਾਗ ਲੈਂਣ ਦੇ ਹਕੱਾਂ ਵਿੱਚ, ਵਿਅਕਤੀਗੱਤ ਸੁਤੰਤਰਤਾ ਦੇ ਮਾਮਲੇ ਵਿੱਚ, ਧਾਰਮ ਅਧਿਕਾਰਾਂ ਤੇ ਜ਼ਿੰਮੇਦਾਰੀਆਂ ਬਾਰੇ, ਭਾਵ ਧਰਮ ਤੇ ਦੁਨੀਆ ਦੇ ਹਰ ਉਸ ਖੇਤਰ ਵਿੱਚ ਜਿਸ ਵਿੱਚ ਇਸਤਰੀ ਪੈਰ੍ਹ ਰੱਖ ਸਕਦੀ ਹੈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਉਸਦੇ ਸਾਰੇ ਵਾਜਬ ਹਕੱਾਂ ਨੂੰ ਸਵੀਕਾਰ ਕੀਤਾ ਹੈ ਅਤੇ ਉਸ ਦੇ ਹਕੱਾਂ ਦੀ ਸੁਰੱਖਿਆ ਨੂੰ ਆਪਣੀ ਉਮੱਤ ਲਈ ਇਕ ਮੁਕਦੱਸ ਅਮਾਨਤ ਤੇ ਫ਼ਰਜ਼ ਦੇ ਰੂਪ ਵਿੱਚ ਕਰਾਰ ਦਿਤੱਾ ਹੈ । ਇਹੋ ਕਾਰਣ ਹੈ ਕਿ ਅਰਬ ਦੀ ਇਸਤਰੀ ਆਪਦੇ ਪ੍ਰਕਟ ਹੋਣ ਨੂੰ ਆਪਣੇ ਲਈ ਮੁਕਤੀ ਦਾ ਸੰਦੇਸ਼ ਸਮਝਦੀ ਸੀ । ਆਪ ਦਾ ਇਹ ਪਿਆਰਾ ਕਥਨ ਇਕ ਡੂੰਘੀ ਸਚੱਾਈ'ਤੇ ਅਧਾਰਤ ਹੈ ਕਿ :- 'ਦੁਨੀਆਂ ਦੀਆਂ ਚੀਜ਼ਾਂ ਵਿੱਚੋਂ ਮੇਰੇ ਸੁਭਾਉ ਨੂੰ ਜਿੰਨ੍ਹਾ ਨਾਲ ਪ੍ਰੇਮ ਦੀ ਜਾਗ ਲਾਈ ਗਈ ਹੈ ਉਹ ਇਸਤਰੀ ਤੇ ਖ਼ੁਸ਼ਬੋ ਹਨ, ਪਰ ਮੇਰੀਆਂ ਅਖੱਾਂ ਦੀ ਠੰਡਕ ਨਮਾਜ਼ ਅਰਥਾਤ ਇਲਾਹੀ ਇਬਾਦਤ ਵਿੱਚ ਰੱਖੀ ਗਈ ਹੈ ।' ਰੱਬ ਕਰੇ ਕਿ ਦੁਨੀਆ ਇਸ ਸਚੱਾਈ ਨੂੰ ਸਮਝਕੇ ਗੰਦਗੀਆਂ ਤੇ ਫ਼ਸਾਦਾਂ ਤੋਂ ਬੱਚ ਜਾਏ ਅਤੇ ਸਾਡੀਆਂ ਇਸਤਰੀਆਂ ਵੀ ਇਸ ਸਚੱਾਈ ਨੂੰ ਸਮਝਣ । ਜੋ ਅਸਥਾਨ ਇਸਲਾਮ ਨੇ ਇਸਤਰੀ ਨੂੰ ਦਿਤੱਾ ਹੈ ਉਹ ਨ ਕਿਸੇ ਧਰਮ ਦੇ ਦਿਤੱਾ ਹੈ ਅਤੇ ਨ ਹੀ ਕਿਸੇ ਨਾਂ ਨਾਮੀ ਖੁੱਲੇ ਵਿਚਾਰਾਂ ਵਾਲੇ ਇਸਤਰੀ ਸੰਗਠਨ ਨੇ ਦਿਤੱਾ ਹੈ ਜਾਂ ਕਿਸੇ ਤਹਿਰੀਕ ਨੇ ਦਿਤੱਾ ਹੈ । ਅਲੱਾਹ ਤਆਲਾ ਪੁਰੁਸ਼ਾਂ ਨੂੰ ਵੀ ਇਸਤਰੀਆਂ ਦੇ ਅਧਿਕਾਰ ਪੂਰੇ ਕਰਨ ਦਾ ਇਸਲਾਮੀ ਸਿੱਖਿਆ ਅਨੁਸਾਰ ਸੰਜੋਗ ਪ੍ਰਦਾਨ ਕਰੇ ਤਾਂ ਜੋ ਇਹ ਸਮਾਜ ਪੁਰਅਮਨ ਤੇ ਸ਼ਾਂਤੀਭਰਪੂਰ ਸਮਾਜ ਹੋਵੇ ।

ਇਸ ਦੇ ਬਾਦ ਮੈਂ ਸੰਖੇਪ ਵਿੱਚ ਵਰਤਮਾਨ ਹਾਲਾਤਾਂ ਬਾਰੇ ਦੁਆ ਲਈ ਕੁਝ ਆਖਣਾ ਚਾਹੁੰਦਾ ਹਾਂ । ਦੁਆ ਕਰੋ ਕਿ ਅਲੱਾਹ ਤਆਲਾ ਜਿੱਥੇ ਕਰੋਨਾ ਦੀ ਵਬਾ ਤੇ ਮੁਸੀਬਤ ਤੋਂ ਦੁਨੀਆ ਨੂੰ ਪਾਕ ਕਰੇ ਉੱਥੇ ਮਨੁੱਖਾਂ ਨੂੰ ਅਕਲ ਤੇ ਸਮਝ ਵੀ ਦੇਵੇ ਕਿ ਉਹਨਾ ਦਾ ਜੀਵਨ ਤੇ ਬਚਣਾ ਇਕ ਰੱਬ ਵੱਲ ਝੁਕਣ ਅਤੇ ਇਕ ਦੂਜੇ ਦੇ ਹਕੱਾਂ ਨੂੰ ਪੂਰਾ ਕਰਨ ਵਿੱਚ ਹੈ । ਸਰਕਾਰਾਂ ਨੂੰ ਰੱਬ ਅਕਲ ਦੇਵੇ ਕਿ ਨਿਆਏ'ਤੇ ਅਧਾਰਤ ਨਿਜ਼ਾਮ ਨੂੰ ਚਲਾਉਣ । ਅਮਰੀਕਾ ਵਿੱਚ ਵੀ ਅੱਜਕਲ ਜੋ ਬੇਚੈਨੀ ਤੇ ਬਦਅਮਨੀ ਫੈਲੀ ਹੋਈ ਹੈ ਇਸ ਤੋਂ ਹਰ ਅਹਮਦੀ ਨੂੰ ਵਿਸ਼ੇਸ਼ ਕਰਕੇ ਇਸ ਦੇ ਕੁਪ੍ਰਭਾਵਾਂ ਤੋਂ ਸੁਰੱਖਿਅਤ ਰੱਖੇ। ਸਰਕਾਰੀ ਵਿਵਸਥਾ ਨੂੰ ਵੀ ਸਮਝ ਲੈਂਣਾ ਚਾਹੀਦਾ ਹੈ ਕਿ ਨਿਆਏ ਨਾਲ ਸਾਰਿਆਂ ਸ਼ਹਿਰੀਆਂ ਦੇ ਹੱਕ ਪੂਰੇ ਕਰਦਿਆਂ ਹੋਇਆਂ ਸਰਕਾਰਾਂ ਚਲਿਆਂ ਕਰਦੀਆਂ ਹਨ । ਜਿੰਨ੍ਹੀ ਮਰਜ਼ੀ ਕੋਈ ਤਾਕਤਵਰ ਸਰਕਾਰ ਹੋਵੇ ਜੇਕਰ ਜਨਤਾ ਵਿੱਚ ਬੇਚੈਨੀ ਹੈ ਤਾਂ ਕੋਈ ਵੀ ਸਰਕਾਰ ਟਿਕ ਨਹੀਂ ਸਕਦੀ ਇਸ ਦੇ ਸਾਹਮਣੇ । ਰੱਬ ਕਰੇ ਕਿ ਦੁਨੀਆ ਵਿੱਚ ਜਿੱਥੇ ਜਿੱਥੇ ਵੀ ਫ਼ਸਾਦ ਹਨ, ਹਰ ਥਾਂ ਫ਼ਸਾਦ ਦੂਰ ਹੋਣ ਅਤੇ ਸਰਕਾਰਾਂ ਪ੍ਰਜਾ ਦੇ ਹੱਕ ਪੂਰੇ ਕਰਨ ਵਾਲੀਆਂ ਹੋਣ ਅਤੇ ਪ੍ਰਜਾ ਆਪਣੇ ਹਕੱਾਂ ਲਈ ਜਾਇਜ਼ ਸੀਮਾ ਤੱਕ ਸਰਕਾਰ'ਤੇ ਦਬਾਅ ਪਾਉਣ ਵਾਲੀ ਹੋਵੇ ।

ਇਸੇ ਪ੍ਰਕਾਰ ਪਾਕਿਸਤਾਨੀ ਸਰਕਾਰ ਨੂੰ ਵੀ ਸੋਚਜਣਾ ਚਾਹੀਦਾ ਹੈ ਕਿ ਕੇਵਲ ਮੁਲਾਣਿਆਂ ਦੇ ਖ਼ੌਫ਼ ਨਾਲ ਅਹਮਦੀਆਂ ਉਪੱਰ ਜੋ ਸਖ਼ਤੀਆਂ ਤੇ ਜ਼ੁਲਮ ਵੱਧ ਰਹੇ ਹਨ ਉਹ ਨ ਕਰਨ ਸਗੋਂ ਨਿਆਏ ਨਾਲ ਸਰਕਾਰ ਚਲਾਉਣ, ਆਪਣੇ ਇਤਿਹਾਸ ਤੋਂ ਸਬਕ ਲੈਂਣ । ਇਸ ਵਿਚਾਰ ਨੂੰ ਛੱਡ ਦੇਣ ਕਿ ਇਸ ਵਿਸ਼ੈ ਨਾਲ ਸਰਕਾਰ ਨੂੰ ਲੱਮਿਆਂ ਕਰ ਸਕਦੇ ਹਨ । ਹਾਂ, ਇਹਨਾ ਜ਼ੁਲਮਾਂ ਦੇ ਸਿੱਟੇ ਵਿੱਚ ਦੁਨੀਆ ਵਿੱਚ ਅਹਮਦੀਅਤ ਦੀ ਤਰੱਕੀ ਪਹਿਲਾਂ ਤੋਂ ਵਧੱਕੇ ਹੋਈ ਹੈ ਅਤੇ ਭਵਿੱਖ ਵਿੱਚ ਵੀ ਇੰਸ਼ਾਅਲੱਾਹ ਹੁੰਦੀ ਰਹੇਗੀ । ਇਹ ਰੱਬ ਦਾ ਕੰਮ ਹੈ ਅਤੇ ਇਸ ਨੂੰ ਕੋਈ ਨਹੀਂ ਰੋਕ ਸਕਦਾ । ਬਹਿਰਹਾਲ ਸਾਡੀ ਦੁਆ ਹੈ ਕਿ ਰੱਬ ਹਰ ਥਾਂ ਜ਼ੁਲਮ ਤੇ ਫ਼ਸਾਦਾਂ ਤੇ ਬਦਅਮਨੀ ਨੂੰ ਦੂਰ ਫ਼ਰਮਾਏ ਅਤੇ ਜੋ ਇਹ ਵਬਾ ਜੋ ਅੱਜਕਲ ਫੈਲੀ ਹੋਈ ਹੈ ਇਸ ਤੋਂ ਮਨੁੱਖ ਨੂੰ ਸਬਕ ਲੈਕੇ ਆਪਣੀਆਂ ਹਾਲਤਾਂ ਵਿੱਚ ਪਰਵਿਰਤਨ ਪੈਦਾ ਕਰੇ ਅਤੇ ਅਸੀਂ ਅਹਮਦੀਆਂ ਨੂੰ ਪਹਿਲਾਂ ਤੋਂ ਵਧੱਕੇ ਰੱਬ ਵੀ ਇਬਾਦਤ ਦਾ ਹੱਕ ਅਤੇ ਉਸਦੇ ਬੰਦਿਆਂ ਦੇ ਹੱਕ ਪੂਰੇ ਕਰਨ ਦੀ ਤੌਫ਼ੀਕ ਮਿਲੇ ਤਾਂ ਜੋ ਅਸੀਂ ਪਹਿਲਾਂ ਤੋਂ ਵਧੱਕੇ ਰੱਬ ਦਾ ਪਿਆਰ ਹਾਸਲ ਕਰਨ ਵਾਲੇ ਬਣ ਸਕੀਏ ਅਤੇ ਤਰੱਕੀਆਂ ਨੂੰ ਛੇਤੀ ਤੋਂ ਛੇਤੀ ਆਪਣੇ ਸਾਹਮਣੇ ਪੂਰਾ ਹੁੰਦਿਆਂ ਦੇਖ ਸਕੀਏ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ
اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ
یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ
وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 05.06.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131